


# Cal/OSHA ਜ਼ਿਲ੍ਹਾ ਦਫ਼ਤਰ

| | | | |
|---|---|---|---|
| (415) 557 - 0300 | 1 | ਸੈਨ ਫ੍ਰਾਂਸਿਸਕੋ | (415) 557 - 0100 |
| | | ਫਰੀਮੌਂਟ/ਸੈਨ ਜੋਸ | (510) 794 - 2521 |
| | | ਫੋਸਟਰ ਸਿਟੀ | (650) 573 - 3812 |
| | | ਓਕਲੈਂਡ | (510) 622 - 2916 |
| | | ਅਮਰੀਕਨ ਕੈਨਿਅਨ | (707) 649 - 3700 |
| (916) 263 - 2803 | 2 | ਸੈਕਰਾਮੈਂਟੋ | (916) 263 - 2800 |
| | | ਮੋਡੈਸਟੋ | (209) 545 - 7310 |
| | | ਫਰਿਜ਼ਨੋ | (559) 445 - 5302 |
| | | ਰੈਡਿੰਗ | (530) 224 - 4743 |
| (714) 558 - 4300 | 3 | ਸਾਂਤਾ ਅਨਾ | (714) 558 - 4451 |
| | | ਸੈਨ ਡਿਏਗੋ | (619) 767 - 2280 |
| | | ਸੈਨ ਬਰਨਾਰਡੀਨੋ | (909) 383 - 4321 |
| | | ਲੌਂਗ ਬੀਚ | (424) 450 - 2630 |
| (626) 471 - 9122 | 4 | ਲੋਸ ਐਂਜਲਸ | (213) 576 - 7451 |
| | | ਮੋਨਰੋਵੀਆ | (626) 239 - 0369 |
| | | ਵੈਨ ਨੁਇਸ | (818) 901 - 5403 |
| | | ਬੇਕਰਸਫੀਲਡ | (661) 588 - 6400 |

**ਖੇਤਰ 5 (ਰਾਜ ਵਿਆਪੀ):**
ਮਾਈਨਿੰਗ ਅਤੇ ਟੂਨਿੰਗ (ਐਮ ਐਂਡ ਟੀ) ਯੂਨਿਟ............(818) 901 - 5420

**ਖੇਤਰ 6 (ਰਾਜ ਵਿਆਪੀ):**
ਹਾਈ ਹੈਜ਼ਰਡ ਯੂਨਿਟ ਅਤੇ ਲੇਬਰ ਇਨਫੋਰਸਮੈਂਟ ਟਾਸਕ ਫੋਰਸ (LETF) ........ (714)558 - 4415

**ਪ੍ਰਕਿਰਿਆ ਸੁਰੱਖਿਆ ਪ੍ਰਬੰਧਨ (PSM) ਯੂਨਿਟ (ਰਾਜ ਵਿਆਪੀ):** ... (925) 602 - 2665

## ਤਨਖਾਹਾਂ ਨਾ ਮਿਲਣ ਦੀਆਂ ਸ਼ਿਕਾਇਤਾਂ

ਜੇਕਰ ਤੁਹਾਨੂੰ ਤਨਖਾਹ ਨਹੀਂ ਮਿਲੀ, ਤਾਂ ਕਿਰਪਾ ਕਰਕੇ ਲੇਬਰ ਕਮਿਸ਼ਨਰ ਦੇ ਦਫ਼ਤਰ ਵਿਖੇ ਸੰਪਰਕ ਕਰੋ। ਤਨਖਾਹ ਦਾ ਦਾਅਵਾ ਕਰਨ ਲਈ ਉਹਨਾਂ ਦੀ ਵੈੱਬਸਾਈਟ 'ਤੇ ਹਦਾਇਤਾਂ ਦਿੱਤੀਆਂ ਗਈਆਂ ਹਨ:
www.dir.ca.gov/dlse/howtofilewageclaim.htm

© 2022 ਕੈਲੀਫੋਰਨੀਆ ਉਦਯੋਗਿਕ ਸਬੰਧਾਂ ਦਾ ਵਿਭਾਗ

STATE OF CALIFORNIA
CAL OSHA
DEPARTMENT OF INDUSTRIAL RELATIONS

# Cal/OSHA ਨਾਲ ਆਪਣੀ ਸ਼ਿਕਾਇਤ ਕਿਵੇਂ ਦਾਇਰ ਕਰੀਏ



ਅਗਸਤ 2022

## ਸ਼ਿਕਾਇਤ ਦਾਇਰ ਕਰਨ ਦਾ ਅਧਿਕਾਰ

ਕੈਲੀਫੋਰਨੀਆ ਆਕੂਪੇਸ਼ਨਲ ਸੇਫਟੀ ਐਂਡ ਹੈਲਥ ਐਕਟ 1973 ਦੇ ਮੁਤਾਬਿਕ, ਹਰ ਕਰਮਚਾਰੀ ਨੂੰ ਇਹ ਅਧਿਕਾਰ ਹੈ ਕਿ ਜੇਕਰ ਉਸਨੂੰ ਕੰਮ 'ਤੇ ਕੋਈ ਸੁਰੱਖਿਆ ਜਾਂ ਸਿਹਤ ਸੰਬੰਧੀ ਖਤਰਾ ਲੱਗਦਾ ਹੈ ਤਾਂ ਉਹ ਮਾਲਕ ਤੋਂ ਡਰੇ ਬਿਨਾਂ Cal/OSHA ਨਾਲ ਆਪਣੀ ਸ਼ਿਕਾਇਤ ਦਾਇਰ ਕਰਾ ਸਕਦਾ ਹੈ। ਤੁਹਾਡਾ ਇਮੀਗ੍ਰੇਸ਼ਨ ਸਟੇਟਸ ਭਾਵੇਂ ਜੋ ਮਰਜ਼ੀ ਹੋਵੇ, ਇੱਕ ਕਰਮਚਾਰੀ ਹੋਣ ਦੇ ਨਾਤੇ ਤੁਹਾਡੇ ਕੋਲ ਇਹ ਅਧਿਕਾਰ ਹੈ।

ਕਾਨੂੰਨੀ ਹਿਸਾਬ ਨਾਲ, Cal/OSHA ਕੋਲ ਜਿਹੜਾ ਵਿਅਕਤੀ ਸ਼ਿਕਾਇਤ ਦਾਇਰ ਕਰਾਉਣ ਆਉਂਦਾ ਹੈ ਉਹਦਾ ਨਾਂ ਗੁਪਤ ਰੱਖਿਆ ਜਾਂਦਾ ਹੈ, ਜੇ ਵਿਅਕਤੀ ਖੁਦ ਦੱਸਣਾ ਚਾਹੇ ਤਾਂ ਉਸਦੀ ਮਰਜ਼ੀ ਹੈ।

Cal/OSHA ਦੇ ਨਾਲ ਸ਼ਿਕਾਇਤ ਦਾਇਰ ਕਰਵਾਉਣ ਤੋਂ ਬਾਅਦ ਜੇ ਤੁਹਾਡਾ ਮਾਲਕ ਤੁਹਾਡੇ ਨਾਲ ਬਦਲਾ ਲੈਂਦਾ ਹੈ ਜਿਵੇਂ ਕਿ ਤੁਹਾਨੂੰ ਕੰਮ ਤੋਂ ਕੱਢ ਦਿੰਦਾ ਹੈ, ਡਿਮੋਟ ਕਰ ਦਿੰਦਾ ਹੈ, ਸ਼ਿਫਟ ਬਦਲ ਦਿੰਦਾ ਹੈ ਜਾਂ ਫਿਰ ਬਣਦੇ ਲਾਭ ਦੇਣ ਤੋਂ ਮਨ੍ਹਾਂ ਕਰ ਦਿੰਦਾ ਹੈ, ਤਾਂ ਫਿਰ ਕੈਲੀਫੋਰਨੀਆ ਦੇ ਲੇਬਰ ਕਮਿਸ਼ਨਰ ਨਾਲ ਇਸ ਨੰਬਰ 'ਤੇ - 833-526-4636 'ਤੇ ਕਾਲ ਕਰੋ।




## ਆਪਣੇ ਕੰਮ ਵਾਲੀ ਥਾਂ ਦੀ ਸੁਰੱਖਿਆ ਜਾਂ ਸਿਹਤ ਸੰਬੰਧੀ ਸ਼ਿਕਾਇਤ ਦਾਇਰ ਕਰਾਉਣੀ ਹੋਵੇ, ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?

ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਦੇ ਵਿਚਕਾਰ Cal/OSHA ਐਨਫੋਰਸਮੈਂਟ ਜ਼ਿਲ੍ਹਾ ਦਫ਼ਤਰ 'ਚ ਫੋਨ ਲਗਾਓ ਜਿਹੜਾ ਤੁਹਾਡੇ ਕੰਮ ਵਾਲੀ ਥਾਂ ਦੇ ਨੇੜੇ ਪੈਂਦਾ ਹੋਵੇ। ਦਫ਼ਤਰ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਖੁੱਲ੍ਹਾ ਰਹਿੰਦਾ ਹੈ, ਰਾਜ ਦੀਆਂ ਛੁੱਟੀਆਂ ਨੂੰ ਛੱਡ ਕੇ (ਪੇਜ 2 'ਤੇ ਨਕਸ਼ਾ ਦੇਖੋ)। ਤੁਹਾਡੇ ਨਾਲ ਫੋਨ 'ਤੇ ਅੰਗਰੇਜ਼ੀ ਵਿੱਚ ਗੱਲ ਕੀਤੀ ਜਾਵੇਗੀ। ਜੇ ਤੁਸੀਂ ਪ੍ਰਤੀਨਿਧੀ ਨਾਲ ਪੰਜਾਬੀ ਜਾਂ ਕਿਸੇ ਹੋਰ ਭਾਸ਼ਾ ਵਿੱਚ ਗੱਲ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਦੁਭਾਸ਼ੀਏ ਨੂੰ ਬੁਲਵਾ ਸਕਦੇ ਹੋ ਅਤੇ ਜਿੰਨਾ ਚਿਰ ਦੁਭਾਸ਼ੀਆ ਫੋਨ 'ਤੇ ਨਹੀਂ ਆਉਂਦਾ, ਉਨਾ ਸਮਾਂ ਤੁਹਾਨੂੰ ਇੰਤਜ਼ਾਰ ਕਰਨਾ ਪਵੇਗਾ। ਕਿਰਪਾ ਕਰਕੇ ਲਾਈਨ 'ਤੇ ਬਣੇ ਰਹਿਓ, ਕਿਉਂਕਿ ਅਜਿਹਾ ਕਰਨ 'ਚ ਕੁਝ ਮਿੰਟ ਲੱਗ ਸਕਦੇ ਹਨ।, ਕਿਸੇ ਦੁਭਾਸ਼ੀਏ ਦੀ ਬੇਨਤੀ ਕਰਦੇ ਸਮੇਂ, ਕਿਰਪਾ ਕਰਕੇ ਸਾਨੂੰ ਦੱਸੋ ਕਿ ਤੁਹਾਡੀ ਭਾਸ਼ਾ ਦਾ ਨਾਮ ਅੰਗਰੇਜ਼ੀ ਵਿੱਚ ਕਿਵੇਂ ਬੋਲਣਾ ਹੈ।

## ਫੋਨ ਲਾਉਣ ਤੋਂ ਪਹਿਲਾਂ, ਪੂਰੀ ਜਾਣਕਾਰੀ ਇਕੱਠੀ ਕਰ ਲਿਓ ਅਤੇ ਇਹ ਚੀਜ਼ਾਂ ਉਨ੍ਹਾਂ ਨੂੰ ਦੱਸਿਓ:

- ਕੰਮ ਕਰਨ ਵਾਲੀ ਥਾਂ ਬਾਰੇ ਜਾਣਕਾਰੀ ਚਾਹੀਦੀ ਹੋਵੇਗੀ, ਜਿਵੇਂ ਕਿ, ਕਾਰੋਬਾਰ ਦਾ ਨਾਂ, ਪਤਾ ਤੇ ਉਥੋਂ ਦਾ ਟੈਲੀਫੋਨ ਨੰਬਰ।
- ਕਿਸ ਕਿਸਮ ਦਾ ਕਾਰੋਬਾਰ ਹੈ?
- ਵਰਕਸਾਈਟ 'ਤੇ ਮੈਨੇਜਰ ਦਾ ਨਾਮ ਅਤੇ ਅਹੁਦਾ, ਨਾਲ ਹੀ ਉਨ੍ਹਾਂ ਦੇ ਕੰਮ ਦੇ ਘੰਟੇ।
- ਤੁਹਾਡਾ ਨਾਮ, ਪਤਾ, ਟੈਲੀਫੋਨ ਨੰਬਰ, ਅਤੇ ਈਮੇਲ ਪਤਾ। **ਕਾਨੂੰਨੀ ਹਿਸਾਬ ਨਾਲ, Cal/OSHA ਇਹ ਸਾਰੀ ਜਾਣਕਾਰੀ ਨੂੰ ਗੁਪਤ ਰੱਖਦਾ ਹੈ, ਜੇ ਵਿਅਕਤੀ ਖੁਦ ਦੱਸਣਾ ਚਾਹੇ ਤਾਂ ਉਸਦੀ ਮਰਜ਼ੀ ਹੈ। ਇਹ ਲਾਜ਼ਮੀ ਨਹੀਂ ਹੈ ਕਿ ਤੁਸੀਂ ਇਹ ਸਾਰੀ ਜਾਣਕਾਰੀ ਦਿਓਂ, ਪਰ ਜੇਕਰ ਤੁਸੀਂ ਆਪਣੀ ਜਾਣਕਾਰੀ ਸਾਨੂੰ ਦੇ ਦਿੰਦੇ ਹੋ ਤਾਂ ਫਿਰ ਲੋੜ ਪੈਣ 'ਤੇ Cal/OSHA ਤੁਹਾਡੇ ਨਾਲ ਸੰਪਰਕ ਕਰੇਗਾ ਜਿਵੇਂ ਕਿ ਜੇ ਤੁਹਾਡੇ ਤੋਂ ਕੋਈ ਸਵਾਲ ਪੁੱਛਣਾ ਹੋਇਆ ਜਾਂ ਫਿਰ ਤੁਹਾਨੂੰ ਜਾਂਚ ਦੇ ਨਤੀਜੇ ਦੱਸਣ ਲਈ ਵੀ ਸੰਪਰਕ ਕੀਤਾ ਜਾ ਸਕਦਾ ਹੈ।**
- ਖ਼ਤਰੇ ਬਾਰੇ ਖੁੱਲ੍ਹਕੇ ਜਾਣਕਾਰੀ ਦਿਓ।
- ਜੇ ਕੰਮ ਵਾਲੀ ਥਾਂ ਜਿਆਦਾ ਵੱਡੀ ਹੈ ਤਾਂ ਚੰਗੀ ਤਰ੍ਹਾਂ ਦੱਸੋ ਕਿ ਖ਼ਤਰਾ ਕਿਹੜੀ ਜਗ੍ਹਾ 'ਤੇ ਹੈ।
- ਕੰਮ ਵਾਲੀ ਥਾਂ 'ਤੇ, ਕਿਹੜੇ ਕਾਰਜ ਹੁੰਦੇ ਨੇ, ਕਿਹੜਾ ਸਾਮਾਨ ਵਰਤਿਆ ਜਾਂਦਾ, ਮਸ਼ੀਨਾਂ ਕਿਹੜੀਆਂ ਨੇ, ਅਤੇ ਕਿਹੜੇ ਕੈਮੀਕਲ ਜਾਂ ਰਸਾਇਣ ਵਰਤੇ ਜਾਂਦੇ ਨੇ।
- ਖਤਰੇ ਦੇ ਖੇਤਰ ਵਿੱਚ ਕੀਤੇ ਜਾਣ ਵਾਲੇ ਕੰਮਾਂ ਦਾ ਵਰਣਨ ਕਰੋ, ਨਾਲ ਹੀ ਇਹ ਵੀ ਦੱਸੋ ਕਿ ਇਹ ਕੰਮ ਕਿੰਨੀ ਵਾਰ ਕੀਤੇ ਜਾਂਦੇ ਨੇ ਅਤੇ ਇਹ ਕੰਮ ਸ਼ੁਰੂ ਹੋਣ ਤੋਂ ਬਾਅਦ ਕਿੰਨੀ ਦੇਰ ਚੱਲਦਾ ਰਹਿੰਦਾ ਹੈ।
- ਕਿੰਨੀਆਂ ਸ਼ਿਫਟਾਂ ਹਨ, ਹਰੇਕ ਸ਼ਿਫਟ ਦਾ ਸ਼ੁਰੂ ਹੋਣ ਦਾ ਸਮਾਂ, ਅਤੇ ਕਿਹੜੀ ਸ਼ਿਫਟ ਵਿੱਚ ਖ਼ਤਰੇ ਵਾਲਾ ਕੰਮ ਕੀਤਾ ਜਾਂਦਾ ਹੈ।
- ਕੰਮ ਵਾਲੀ ਥਾਂ 'ਤੇ ਕਿੰਨੇ ਕਰਮਚਾਰੀ ਹਨ, ਕਿੰਨੇ ਕਰਮਚਾਰੀ ਖਤਰੇ ਦੇ ਘੇਰੇ ਵਿੱਚ ਹਨ, ਤੇ ਕਰਮਚਾਰੀ ਖ਼ਤਰੇ ਦੇ ਕਿੰਨੇ ਕੁ ਨੇੜੇ ਹਨ।
- ਕੀ ਕੋਈ ਕਰਮਚਾਰੀ ਜ਼ਖਮੀ ਹੋਇਆ ਹੈ ਜਾਂ ਫਿਰ ਖ਼ਤਰਨਾਕ ਕੰਮ ਕਰਕੇ ਕਿਸੇ 'ਚ ਕੋਈ ਲੱਛਣ ਦਿਖੇ ਹਨ ਜਾਂ ਫਿਰ ਉਨ੍ਹਾਂ ਨੇ ਇਨ੍ਹਾਂ ਸੱਟਾਂ ਜਾਂ ਲੱਛਣਾਂ ਲਈ ਆਪਣਾ ਮੈਡੀਕਲ ਇਲਾਜ ਕਰਾਇਆ ਹੈ।
- ਕੰਮ ਵਾਲੀ ਥਾਂ 'ਤੇ ਇਹ ਖ਼ਤਰਾ ਕਦੋਂ ਤੋਂ ਚੱਲਦਾ ਆ ਰਿਹਾ ਹੈ, ਕੀ ਮਾਲਕ ਨੂੰ ਇਸ ਖ਼ਤਰੇ ਬਾਰੇ ਪਤਾ ਹੈ, ਤੇ ਕੀ ਮਾਲਕ ਨੇ ਇਸ ਖ਼ਤਰਨਾਕ ਕੰਮ 'ਚ ਕੋਈ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਖ਼ਤਰਾ ਘਟ ਸਕੇ।
- ਤੁਹਾਨੂੰ ਕੀ ਲੱਗਦਾ ਹੈ ਕਿ ਕੰਮ ਵਾਲੀ ਥਾਂ 'ਤੇ ਇਹ ਖਤਰਾ ਕਿੰਨਾ ਕੁ ਸਮਾਂ ਛਾਇਆ ਰਹੇਗਾ।
- ਕੀ ਕਦੇ ਕਿਸੇ ਕਰਮਚਾਰੀ ਨੇ ਯੂਨਿਟ ਪ੍ਰਤੀਨਿਧੀ ਕੋਲ ਇਸ ਗੱਲ ਦੀ ਚਰਚਾ ਕੀਤੀ ਹੈ ਜਾਂ ਫਿਰ ਕੋਈ ਬੇਨਤੀ ਕੀਤੀ ਹੋਵੇ?